ਮਿੱਠੇ ਬੱਚੇ:- "ਮਿੱਠੇ ਬੱਚੇ :- ਇਹ ਆਲ ਮਾਇਟੀ ਗੌਰਮਿੰਟ ਹੈ, ਬਾਪ ਦੇ ਨਾਲ ਧਰਮਰਾਜ ਵੀ ਹੈ, ਇਸਲਈ ਬਾਪ ਨੂੰ ਆਪਣੇ ਕੀਤੇ ਹੋਏ ਪਾਪ ਦੱਸੋ ਤਾਂ ਅੱਧਾ ਮਾਫ਼ ਹੋ ਜਾਵੇਗਾ।"

ਪ੍ਰਸ਼ਨ:- ਰਾਜਧਾਨੀ ਦਾ ਮਾਲਿਕ ਅਤੇ ਪ੍ਰਜਾ ਵਿਚ ਸਾਹੂਕਾਰ ਕਿਸ ਆਧਾਰ ਤੇ ਬਣਦੇ ਹਨ?

ਉੱਤਰ:- ਰਾਜਧਾਨੀ ਦਾ ਮਾਲਿਕ ਬਣਨ ਦੇ ਲਈ ਪੜਾਈ ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਪੜਾਈ ਨਾਲ ਹੀ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਸਾਹੂਕਾਰ ਪ੍ਰਜਾ ਬਣਨ ਵਾਲੇ ਨਾਲੇਜ਼ ਲੈਣਗੇ, ਬੀਜ ਵੀ ਬੋਉਣ ਗੇ (ਸਹਿਯੋਗੀ ਬਣਨਗੇ), ਪਵਿਤ੍ਰ ਵੀ ਰਹਿਣਗੇ ਲੇਕਿਨ ਪੜਾਈ ਤੇ ਪੂਰਾ ਧਿਆਨ ਨਹੀਂ ਦੇਣਗੇ। ਪੜਾਈ ਤੇ ਧਿਆਨ ਤਾਂ ਹੋਵੇ ਜੇਕਰ ਪੱਕਾ ਨਿਸ਼ਚੇ ਹੋਵੇ ਕਿ ਸਾਨੂੰ ਖ਼ੁਦ ਭਗਵਾਨ ਪੜਾਉਣ ਆਉਂਦੇ ਹਨ। ਜੇਕਰ ਪੂਰਾ ਨਿਸ਼ਚੇ ਨਹੀਂ ਹੁੰਦਾ ਤਾਂ ਇੱਥੇ ਬੈਠੇ ਵੀ ਜਿਵੇਂ ਭੁੱਟੂ ਹਨ। ਜੇਕਰ ਨਿਸ਼ਚੇ ਹੈ ਤਾਂ ਰੈਗੂਲਰ ਪੜਨਾ ਚਾਹੀਦਾ ਹੈ। ਧਾਰਨਾ ਕਰਨੀ ਚਾਹੀਦੀ ਹੈ।

ਗੀਤ:- ਨੈਣ ਹੀਨ ਕੋ ਰਾਹ ਦਿਖਾਓ ਪ੍ਰਭੂ...

ਓਮ ਸ਼ਾਂਤੀ। ਕਲਯੁੱਗ ਨੂੰ ਹਨੇਰ ਨਗਰੀ ਕਿਹਾ ਜਾਂਦਾ ਹੈ ਕਿਉਂਕਿ ਸਭ ਆਤਮਾਵਾਂ ਉਝਾਈਆਂ ਹੋਈਆਂ ਹਨ, ਇਵੇਂ ਨਹੀਂ ਕਿ ਅੱਖਾਂ ਤੋਂ ਅੰਨ੍ਹੇ ਹਨ। ਹਨ੍ਹੇਰੀ ਨਗਰੀ ਵਿਚ ਸਭ ਗਿਆਨ ਨੇਤ੍ਰ ਹੀਨ ਅੰਨ੍ਹੇ ਦੀ ਔਲਾਦ ਅੰਨ੍ਹੀ ਹੈ। ਤਮੋਪ੍ਰਧਾਨ ਬਣ ਗਏ ਹਨ। ਅਸੀਂ ਸਭ ਆਤਮਾਵਾਂ ਦਾ ਬਾਪ ਉਹ ਪਰਮਾਤਮਾ ਹੈ, ਜਦੋਂ ਅਸੀਂ ਸਭ ਆਤਮਾਵਾਂ ਉੱਥੇ ਮੂਲਵਤਨ ਵਿੱਚ ਰਹਿੰਦੀਆਂ ਹਾਂ ਤਾਂ ਜਗਦੀ ਜੋਤ ਹਾਂ। ਪਹਿਲੇ - ਪਹਿਲੇ ਸਤੋਪ੍ਰਧਾਨ ਸੱਚੇ ਸੋਨੇ ਸੀ। ਸਤਿਯੁਗ ਨੂੰ ਕਿਹਾ ਹੀ ਜਾਂਦਾ ਹੈ ਗੋਲਡਨ ਏਜ। ਹਿੰਦੀ ਵਿਚ ਪਾਰਸਪੁਰੀ ਕਿਹਾ ਜਾਂਦਾ ਹੈ। ਹੁਣ ਤਾਂ ਹੈ ਆਇਰਨ ਏਜ਼ ਮਤਲਬ ਤਮੋਪ੍ਰਧਾਨ ਪੱਥਰ ਬੁੱਧੀ। ਸਤਿਯੁਗ ਵਿੱਚ ਹੈ ਘਰ - ਘਰ ਸੋਝਰਾ, ਕਲਿਯੁਗ ਵਿੱਚ ਹੈ ਘਰ - ਘਰ ਹਨ੍ਹੇਰਾ। ਦੇਵੀ - ਦੇਵਤਾ ਧਰਮ ਪ੍ਰਾਯ ਲੋਪ ਹੋ ਗਿਆ ਹੈ। ਸਭ ਧਰਮ ਭ੍ਰਸ਼ਟ, ਕਰਮ ਭ੍ਰਸ਼ਟ ਹਨ। ਆਪਣੇ ਨੂੰ ਦੇਵਤਾ ਕਹਿਲਾ ਨਹੀਂ ਸਕਦੇ ਕਿਉਂਕਿ ਵਿਕਾਰੀ ਹਨ। ਬਾਬਾ ਨੇ ਸਾਵਰਕਰ ਦਾ ਮਿਸਾਲ ਦੱਸਿਆ ਸੀ। ਉਨ੍ਹਾਂ ਨੂੰ ਕਿਹਾ ਗਿਆ ਕਿ ਆਦਿ - ਸਨਾਤਨ ਤਾਂ ਦੇਵਤਾ ਧਰਮ ਸੀ। ਤੁਸੀਂ ਫਿਰ ਆਦਿ ਸਨਾਤਨ ਹਿੰਦੂ ਮਹਾਸਭਾ ਕਿਓਂ ਕਹਿੰਦੇ ਹੋ? ਬੋਲਿਆ - ਦਾਦਾ ਜੀ, ਅਸੀਂ ਲੋਕੀ ਆਪਣੇ ਨੂੰ ਦੇਵਤਾ ਕਹਿ ਨਹੀਂ ਸਕਦੇ ਕਿਉਂਕਿ ਅਸੀਂ ਅਪਵਿਤ੍ਰ ਹਾਂ। ਤਾਂ ਹੁਣ ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ ਕਿਉਂਕਿ ਇਹ ਮਿਸ਼ਨਰੀ ਹੈ ਨਾ। ਜਿਵੇਂ ਕਰਾਈਸਟ ਆਇਆ ਤਾਂ ਕ੍ਰਿਸ਼ਚਨ ਸਨ ਨਹੀਂ। ਇਸ ਵੇਲੇ ਵੀ ਦੇਵਤਾ ਧਰਮ ਹੈ ਨਹੀਂ। ਹੁਣ ਬ੍ਰਾਹਮਣਾਂ ਦੀ ਸਥਾਪਨਾ ਹੋਈ ਹੈ। ਬ੍ਰਾਹਮਣ ਫਿਰ ਦੇਵੀ - ਦੇਵਤਾ ਬਣਨਗੇ। ਪਰਮਪਿਤਾ ਪਰਮਾਤਮਾ ਕਹਿੰਦੇ ਹਨ - ਮੈਂ ਹਾਂ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਨ ਵਾਲਾ। ਮੈਂ ਤੁਸੀਂ ਆਤਮਾਵਾਂ ਦਾ ਪਾਰਲੌਕਿਕ ਪਿਤਾ ਹਾਂ, ਜੋ ਮੈਂ ਤੁਹਾਨੂੰ ਸਭ ਨੂੰ ਭੇਜ ਦਿੰਦਾ ਹਾਂ। ਜਿਵੇਂ ਉਹ ਕ੍ਰਿਸ਼ਚਨ ਦੀ ਮਿਸ਼ਨਰੀ ਹੈ, ਉਵੇਂ ਇਹ ਦੇਵਤਾ ਧਰਮ ਦੀ ਮਿਸ਼ਨਰੀ ਹੈ। ਖ਼ੁਦ ਪਾਰਲੌਕਿਕ ਪਰਮਪਿਤਾ ਪਰਮਾਤਮਾ ਕਹਿੰਦੇ ਹਨ - ਬੱਚੇ, ਤੁਸੀਂ ਜੋ ਵੀ ਸੁਣਦੇ ਆਏ ਹੋ ਸਭ ਝੂਠ। ਭਾਵੇਂ ਡਰਾਮੇ ਅਨੁਸਾਰ ਫਿਰ ਵੀ ਇਹ ਹੋਣਾ ਹੈ। ਲੇਕਿਨ ਇਸ ਮਾਇਆ ਦੀ ਬਾਂਡੇਜ ਤੋਂ ਛੁਡਾਉਣ ਕਲਪ - ਕਲਪ ਮੈਂ ਆਕੇ ਸਮਝਾਉਂਦਾ ਹਾਂ ਅਤੇ ਆਕੇ ਬ੍ਰਹਮਾ ਦਵਾਰਾ ਦੇਵਤਾ ਧਰਮ ਦੀ ਸਥਾਪਨਾ ਕਰਵਾਉਂਦਾ ਹਾਂ। ਦਵਾਪਰ ਤੋਂ ਫਿਰ ਹੋਰ ਅਨੇਕ ਧਰਮ ਸਥਾਪਨ ਹੁੰਦੇ ਹਨ। ਉਸ ਸਮੇਂ ਦੇਵਤਾ ਧਰਮ ਹੈ ਨਹੀਂ। ਉਸ ਨੂੰ ਕਿਹਾ ਜਾਂਦਾ ਹੈ - ਰਾਵਣ ਰਾਜ। ਗੀਤਾ ਤੇ ਹੈ ਭਾਰਤ ਦਾ ਸ੍ਰਵੋਤਮ ਸ਼ਾਸਤਰ ਕਿਉਂਕਿ ਭਗਵਾਨ ਨੇ ਗਾਇਆ ਹੋਇਆ ਹੈ। ਹੋਰ ਸਭ ਸ਼ਾਸਤਰ ਮਨੁੱਖਾਂ ਦੇ ਗਾਏ ਹੋਏ ਹਨ। ਸ਼੍ਰੀਕ੍ਰਿਸ਼ਨ ਨੇ ਤਾਂ ਸਤਿਯੁਗ ਵਿੱਚ ਪ੍ਰਾਲਬਧ ਪਾਈ ਹੈ। ਹੁਣ ਬਾਬਾ ਕਹਿੰਦੇ ਹਨ - ਮੈਂ ਆਇਆ ਹਾਂ ਲਕਸ਼ਮੀ - ਨਾਰਾਇਣ ਦਾ ਰਾਜ ਸਥਾਪਨ ਕਰਨ, ਭਾਰਤ ਵਿਚ। ਇਵੇਂ ਹੋਰ ਕੋਈ ਗੀਤਾ ਸੁਣਾਉਣ ਵਾਲਾ ਕਹਿ ਨਹੀਂ ਸਕਦਾ। ਭਗਵਾਨ ਹੀ ਕਹਿੰਦੇ ਹਨ - ਹੇ ਭਾਰਤਵਾਸੀ ਬੱਚੇ, ਮੈਂ ਆਇਆ ਹਾਂ, ਬ੍ਰਹਮਾ ਦਵਾਰਾ ਦੇਵਤਾ ਧਰਮ ਸਥਾਪਨ ਕਰਨ। ਪਹਿਲੇ ਤਾਂ ਬ੍ਰਹਮਾ ਦਵਾਰਾ ਬ੍ਰਾਹਮਣ ਚਾਹੀਦੇ ਹਨ। ਦੇਵਤੇ ਤਾਂ ਪ੍ਰਾਲਬਧ ਭੋਗਦੇ ਹਨ। ਉਹ ਕਿਸੇ ਦਾ ਕਲਿਆਣ ਨਹੀਂ ਕਰਦੇ। ਉਹ ਤਾਂ ਰਾਜੇ ਲੋਕ ਹਨ। ਉੱਥੇ ਸੰਪਤੀ ਬਹੁਤ ਹੈ। ਮਾਇਆ ਹੁੰਦੀ ਨਹੀਂ ਇਸਲਈ ਉਸ ਨੂੰ ਸਵਰਗ ਕਿਹਾ ਜਾਂਦਾ ਹੈ। ਹੁਣ ਭਾਰਤ ਨਰਕ ਹੈ। ਹੋਰ ਕੋਈ ਵੀ ਗੀਤਾ ਸੁਣਾਉਣ ਵਾਲੇ ਇਵੇਂ ਕਹਿ ਨਹੀਂ ਸਕਦੇ ਕਿ ਕਾਮ ਮਹਾਸ਼ਤ੍ਰੂ ਹੈ, ਇਸ ਤੇ ਵਿਜੇ ਪਾਉਣ ਤੇ ਤੁਸੀਂ ਸਵਰਗ ਦੇ ਮਾਲਿਕ ਬਣੋਗੇ। ਭਾਵੇਂ ਤੁਸੀਂ ਸਾਰੇ ਭਾਰਤ ਵਿੱਚ ਜਾਵੋ, ਕੋਈ ਵੀ ਇਵੇਂ ਕਹਿ ਨਹੀਂ ਸੱਕਦਾ ਕਿਉਂਕਿ ਖ਼ੁਦ ਹੀ ਵਿਕਾਰੀ ਹਨ। ਉਨ੍ਹਾਂ ਵਿਚਾਰਿਆਂ ਨੂੰ ਵੀ ਇਹ ਪਤਾ ਨਹੀਂ ਕੀ ਸਭ ਦਾ ਅੰਤਿਮ ਜਨਮ ਹੈ। ਬਾਬਾ ਦੱਸਦੇ ਹਨ ਕਿ ਪਹਿਲਾਂ ਤਾਂ ਇਨ੍ਹਾਂ ਦਾ ਇਹ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ, ਜਿਸ ਵਿਚ ਮੈਂ ਪ੍ਰਵੇਸ਼ ਕਰਦਾ ਹਾਂ ਮਤਲਬ ਹੁਣ ਸਾਰੀ ਸ੍ਰਿਸ਼ਟੀ ਦਾ ਹੀ ਅੰਤ ਹੈ। ਇਸ ਇੱਕ ਜਨਮ ਦੇ ਲਈ ਤੁਸੀਂ ਪਵਿਤ੍ਰਤਾ ਦਾ ਬੀੜਾ ਉਠਾਓ। ਇਹ ਕੋਈ ਝੂਠ ਗੱਲ ਤੇ ਨਹੀਂ। ਮਹਾਭਾਰੀ ਲੜਾਈ ਵੀ ਵੇਖ ਰਹੇ ਹੋ। ਥੋੜ੍ਹੀ - ਥੋੜ੍ਹੀ ਰਿਹਰਸਲ ਹੁੰਦੀ ਰਹੇ ਗੀ। ਬੱਚਿਆਂ ਨੇ ਵਿਨਾਸ਼ - ਸਥਾਪਨਾ ਦਾ ਸਾਖਸ਼ਤਕਾਰ ਕੀਤਾ ਹੈ। ਇਸ ਤੋਂ ਸਿੱਧ ਹੁੰਦਾ ਹੈ - ਅੰਤਿਮ ਜਨਮ। ਹੋਰ ਗੀਤਾ ਸੁਨਾਉਣ ਵਾਲੇ ਇਵੇਂ ਕਹਿ ਨਹੀਂ ਸਕਦੇ ਕਿ ਇਹ ਅੰਤਿਮ ਜਨਮ ਹੈ ਇਸਲਈ ਪਵਿਤ੍ਰਤਾ ਦਾ ਬੀੜਾ ਉਠਾਓ। ਤੁਹਾਡਾ ਇਹ ਰਾਜਯੋਗ ਹੈ। ਤੁਸੀਂ ਤਪੱਸਿਆ ਕਰਦੇ ਹੋ, ਰਾਜਾਈ ਦੇ ਲਈ। ਹੁਣ ਇਹ ਸੱਚੀ ਕਮਾਈ ਕਰਨੀ ਹੈ। ਇਸ ਅੰਤਿਮ ਜਨਮ ਵਿੱਚ ਪੱਥਰਨਾਥ ਤੋਂ ਪਾਰਸਨਾਥ ਬਣਦੇ ਹੋ। ਬਿਲਕੁਲ ਉੱਚ ਪਦਵੀ ਪਾਉਂਦੇ ਹੋ।

ਜੋ ਸਾਡੇ ਪੂਰਵਜ ਬੱਚੇ ਹਨ, ਜਿਨ੍ਹਾਂ ਨੂੰ ਮਾਇਆ ਨੇ ਭਸਮੀਭੂਤ ਕੀਤਾ ਹੈ, ਉਨ੍ਹਾਂ ਨੂੰ ਆਕੇ ਜਗਾਇਆ ਹੈ। ਇਹ ਗੋਰਾ ਸੀ। ਹੁਣ ਸਭ ਆਤਮਾਵਾਂ ਕਾਲੀਆਂ ਤਮੋਪ੍ਰਧਾਨ ਹਨ। ਆਤਮਾ ਹੀ ਕਾਲੀ ਅਤੇ ਗੋਰੀ ਬਣਦੀ ਹੈ। ਆਤਮਾ ਨੂੰ ਨਿਰਲੇਪ ਕਹਿਣਾ ਬਿਲਕੁਲ ਸਾਫ਼ ਝੂਠ ਹੈ। ਆਤਮਾ ਸੰਸਕਾਰ ਲੈ ਜਾਂਦੀ ਹੈ। ਹੁਣ ਬਾਬਾ ਕਹਿੰਦੇ ਹਨ ਤੁਸੀਂ ਬੱਚੇ ਹੋ ਈਸ਼ਵਰੀਏ ਮਤ ਤੇ। ਯੋਰਪੀਅਨ ਲੋਕ ਵੀ ਕਹਿੰਦੇ ਹਨ - ਭਾਰਤ ਵਿਚ ਗੌਡ - ਗੌਡੇਜ਼ ਦੀ ਰਾਜਧਾਨੀ ਸੀ। ਭਗਵਾਨ ਰਾਮ, ਭਗਵਤੀ ਸੀਤਾ, ਪ੍ਰੰਤੂ ਉਨ੍ਹਾਂ ਨੂੰ ਭਗਵਾਨ ਕਹਿ ਨਹੀਂ ਸਕਦੇ। ਉਹ ਤਾਂ ਡੀਟੀਜ਼ਮ ਹਨ। ਉੱਥੇ ਭਗਵਾਨ ਕੋਈ ਨਹੀਂ ਹੈ। ਭਗਵਾਨ ਤੇ ਇੱਕ ਹੈ।। ਦੇਵਤੇ ਤਿੰਨ ਹਨ। ਬਾਕੀ ਹੈ ਮਨੁੱਖ ਸ੍ਰਿਸ਼ਟੀ। ਜਿਵੇਂ ਕਰਾਈਸਟ ਨੇ ਆਕੇ ਧਰਮ ਸਥਾਪਨ ਕੀਤਾ, ਕ੍ਰਿਸ਼ਚਨ ਸਨ ਨਹੀਂ। ਉਵੇਂ ਹੀ ਹੁਣ ਦੇਵਤਾ ਧਰਮ ਪ੍ਰਾਯ ਲੋਪ ਹੈ। ਸਭ ਤੋਂ ਉੱਤਮ ਧਰਮ ਹੈ ਦੇਵਤਾਵਾਂ ਦਾ। ਬਾਬਾ ਕਹਿੰਦੇ ਹਨ ਪਹਿਲੇ - ਪਹਿਲੇ ਇਹ ਰੂਹਾਨੀ ਬ੍ਰਾਹਮਣ ਧਰਮ ਰਚਦਾ ਹਾਂ। ਇਹ ਰੂਹਾਨੀ ਬ੍ਰਾਹਮਣ ਪਰਮਧਾਮ ਦਾ ਰਾਹ ਦੱਸਣ ਵਾਲੇ ਹਨ। ਕਹਿੰਦੇ ਹਨ ਭਗਤਾਂ ਨੂੰ ਘਰ ਬੈਠੇ ਭਗਵਾਨ ਮਿਲਦਾ ਹੈ। ਤਾਂ ਬਾਬਾ ਦੱਸਦੇ ਹਨ ਪਹਿਲੇ ਨੰਬਰ ਵਿੱਚ ਭਗਤ ਜਰੂਰ ਦੇਵਤੇ ਹੋਣਗੇ। ਲਕਸ਼ਮੀ - ਨਾਰਾਇਣ ਨੇ ਪਹਿਲੇ - ਪਹਿਲੇ ਭਗਤੀ ਮਾਰਗ ਸ਼ੁਰੂ ਕੀਤਾ। ਸੋਮਨਾਥ ਦਾ ਮੰਦਿਰ ਉਨ੍ਹਾਂ ਨੇ ਬਣਵਾਇਆ, ਕਿੰਨਾਂ ਸਾਫ਼ - ਸਾਫ਼ ਦੱਸਦੇ ਹਨ। ਇਹ ਨਾਲੇਜ ਉਠਾਉਣਗੇ ਵੀ ਉਹ ਜੋ ਰਾਜਧਾਨੀ ਦੇ ਮਾਲਿਕ ਬਣਨੇ ਹੋਣਗੇ। ਫਿਰ ਜੋ ਪ੍ਰਜਾ ਵਿੱਚ ਸਾਹੂਕਾਰ ਬਣਨੇ ਹੋਣਗੇ ਉਹ ਵੀ ਗਿਆਨ ਸੁਣਨਗੇ। ਬੀਜ ਵੀ ਬਾਉਣਗੇ ਲੇਕਿਨ ਪੜਾਈ ਜਿਆਦਾ ਨਹੀਂ ਪੜਨਗੇ। ਪਵਿੱਤ੍ਰ ਰਹਿਣਗੇ। ਬਾਬਾ ਕਹਿੰਦੇ ਹਨ - ਬੱਚੇ, ਇਹ ਪੜਾਈ ਹੈ। ਪੜਾਈ ਨਾਲ਼ ਹੀ ਪਦਵੀ ਮਿਲਣੀ ਹੈ। ਬਹੁਤ ਉੱਚ ਤੋਂ ਉੱਚ ਪਦਵੀ ਹੈ। ਪਹਿਲਾਂ ਤੇ ਇਹ ਨਿਸ਼ਚੇ ਚਾਹੀਦਾ ਹੈ ਕਿ ਭਗਵਾਨ ਸਾਨੂੰ ਬੱਚਿਆਂ ਨੂੰ ਪੜਾਉਣ ਆਏ ਹਨ, ਨਾਕਿ ਸ਼੍ਰੀਕ੍ਰਿਸ਼ਨ। ਬਾਕੀ ਹਾਂ, ਇਸ ਪੜਾਈ ਨਾਲ ਅਸੀਂ ਸ਼੍ਰੀਕ੍ਰਿਸ਼ਨ ਬਣਾਂਗੇ। ਪ੍ਰਿੰਸ - ਪ੍ਰਿੰਸੇਜ਼ ਤਾਂ ਤੁਸੀਂ ਸਭ ਬਣਦੇ ਹੋ। ਜਿਨ੍ਹਾਂ ਨੂੰ ਪੂਰਾ ਨਿਸ਼ਚੇ ਨਹੀਂ ਉਹ ਇਸ ਸਕੂਲ ਵਿਚ ਇਵੇਂ ਬੈਠੇ ਰਹਿੰਦੇ ਜਿਵੇਂ ਭੁਟੂ। ਜੇਕਰ ਨਿਸ਼ਚੇ ਹੈ ਤਾਂ ਰੈਗੂਲਰ ਪੜਨਾ ਹੈ। ਨਹੀਂ ਤਾਂ ਕੁਝ ਸਮਝਿਆ ਨਹੀਂ ਹੈ। ਇਹ ਅਵਿਨਾਸ਼ੀ ਪ੍ਰਾਲਬਧ ਮਿਲਦੀ ਹੈ, ਅਵਿਨਾਸ਼ੀ ਬਾਬਾ ਦਵਾਰਾ। ਬਾਕੀ ਸਭ ਕਬ੍ਰਦਾਖਿਲ ਹੋ ਜਾਣਗੇ। ਬਾਕੀ ਥੋੜੇ ਰਹਿਣਗੇ, ਜਦੋਂ ਤੱਕ ਅਸੀਂ ਤਿਆਰ ਹੋ ਜਾਈਏ। ਫਿਰ ਉਹ ਖਲਾਸ ਹੋ ਜਾਣਗੇ। ਅਸੀ - ਤੁਸੀਂ ਕਲਪ ਪਹਿਲੇ ਇਹ ਸਭ ਦੇਖਿਆ ਸੀ। ਹੁਣ ਦੇਖ ਰਹੇ ਹਾਂ। ਹੁਣ ਕਹਾਂਗੇ ਕਿ ਪੰਜ ਹਜਾਰ ਵਰ੍ਹਿਆਂ ਬਾਦ ਫਿਰ ਇਹ ਧਰਮ ਸਥਾਪਨ ਕਰ ਰਿਹਾ ਹਾਂ ਕਿਉਂਕਿ ਉਨ੍ਹਾਂ ਵਿੱਚ ਬ੍ਰਾਹਮੰਡ ਅਤੇ ਸ੍ਰਿਸ਼ਟੀ ਦੇ ਆਦਿ - ਮਧ - ਅੰਤ ਦਾ ਗਿਆਨ ਹੋ ਨਹੀਂ ਸਕਦਾ। ਇਹ ਗਿਆਨ ਬਾਬਾ ਹੀ ਆਕੇ ਦਿੰਦੇ ਹਨ। ਬ੍ਰਾਹਮੰਡ ਮਤਲਬ ਜਿੱਥੇ ਆਤਮਾਵਾਂ ਅੰਡੇ ਮਿਸਲ ਰਹਿੰਦੀਆਂ ਹਨ। ਉਹ ਸੰਨਿਆਸੀ ਲੋਕ ਫਿਰ ਬ੍ਰਹਮ ਨੂੰ ਈਸ਼ਵਰ ਕਹਿ ਦਿੰਦੇ ਹਨ। ਹੁਣ ਬ੍ਰਹਮ ਤੇ ਹੈ ਤੱਤਵ। ਪਰਮਪਿਤਾ ਪਰਮਾਤਮਾ ਤਾਂ ਹਨ ਸ਼ਿਵ। ਉਹ ਲੋਕ ਤਾਂ ਬ੍ਰਹਮੋਹਮ ਵੀ ਕਹਿੰਦੇ, ਸ਼ਿਵੋਹਮ ਵੀ ਕਹਿੰਦੇ ਰਹਿੰਦੇ। ਪ੍ਰੰਤੂ ਸ਼ਿਵ ਤਾਂ ਹੈ ਬ੍ਰਹਮਾ - ਵਿਸ਼ਨੂੰ - ਸ਼ੰਕਰ ਦਾ ਰਚਿਯਤਾ। ਕਹਿੰਦੇ ਹਨ ਨਾ ਭਾਗੀਰਥ ਨੇ ਗੰਗਾ ਲਿਆਂਦੀ। ਉਹ ਇਹ ਭਾਗੀਰਥ ਮਨੁੱਖ ਹੈ। ਨੰਦੀਗਨ ਤਾਂ ਫਿਰ ਜਨਵਰ ਹੋ ਗਿਆ। ਉਨ੍ਹਾਂ ਨੇ ਗਊਸ਼ਾਲਾ ਅੱਖਰ ਸੁਣਿਆ ਹੈ ਤਾਂ ਫਿਰ ਬੈਲ ਨੂੰ ਰੱਖ ਦਿੱਤਾ ਹੈ। ਮੰਦਿਰਾਂ ਵਿਚ ਵੀ ਰਾਇਟ ਚਿੱਤਰ ਹਨ- ਲਕਸ਼ਮੀ - ਨਾਰਾਇਣ, ਸੀਤਾ- ਰਾਮ ਦੇ। ਬਸ, ਇਹ ਹਨ ਉੱਚ ਤੋਂ ਉੱਚ ਜੋ ਪ੍ਰਾਲਬਧ ਭੋਗਦੇ ਹਨ। ਪ੍ਰਜਾ ਵੀ ਪ੍ਰਾਲਬਧ ਭੋਗਦੀ ਹੈ। ਲਕਸ਼ਮੀ - ਨਾਰਾਇਣ ਦੀ ਫਸਟ, ਦੀ ਸੈਕਿੰਡ, ਥਰਡ... ਅੱਠ ਬਾਦਸ਼ਾਹੀ ਚਲਦੀ ਹੈ। ਬੱਚੇ ਰਾਜ ਕਰਦੇ ਹਨ। ਸੀਤਾ - ਰਾਮ ਦਾ ਵੀ ਇਵੇਂ ਚਲਦਾ ਹੈ, ਫਿਰ ਗਾਇਆ ਜਾਂਦਾ ਹੈ ਜਗਦੰਬਾ ਆਦਿ ਦੇਵੀ ਅਤੇ ਬ੍ਰਹਮਾ ਆਦਿ ਦੇਵ। ਐਡਮ - ਈਵ - ਇਹ ਦੋਵੇਂ ਹੁਣ ਕਾਲੇ ਹਨ ਫਿਰ ਗੋਰੇ ਬਣਨੇ ਹਨ। ਦੁਨੀਆ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੀ। ਕਾਲੀ, ਦੁਰਗਾ, ਅੰਬਾ - ਸਭ ਇੱਕ ਦੇ ਹੀ ਨਾਮ ਹਨ। ਸੱਚਾ ਨਾਮ ਸਰਸਵਤੀ ਹੈ। ਤਾਂ ਆਤਮਾ ਕਾਲੀ ਹੁੰਦੀ ਹੈ, ਬਾਕੀ ਕੋਈ ਕਾਲਾ ਮੂੰਹ ਥੋੜ੍ਹੀ ਨਾ ਹੁੰਦਾ ਹੈ। ਇਸ ਸਮੇਂ ਸਭ ਆਤਮਾਵਾਂ ਕਾਲੀਆਂ ਹਨ। ਅਸੀ ਸਾਰੇ ਬੰਦਰ ਸੀ। ਹੁਣ ਬਾਬਾ ਨੇ ਸਾਨੂੰ ਆਪਣੀ ਸੈਨਾ ਬਣਾਇਆ ਹੈ। ਹੁਣ ਰਾਵਣ ਤੇ ਜਿੱਤ ਪਾਉਣੀ ਹੈ।

ਬਾਬਾ ਕਹਿੰਦੇ ਹਨ ਮੈਂ ਤੁਹਾਨੂੰ ਸਾਰੇ ਸ਼ਾਸਤਰਾਂ ਵੇਦਾਂ ਦਾ ਸਾਰ ਬ੍ਰਹਮਾ ਦਵਾਰਾ ਸੁਣਾਉਂਦਾ ਹਾਂ। ਬ੍ਰਹਮਾ ਨੂੰ ਹੱਥ ਵਿਚ ਸ਼ਾਸਤਰ ਵਿਖਾਉਂਦੇ ਹਨ। ਸ਼ਾਸਤਰ ਤੇ ਇੱਕ ਹੋਣਾ ਚਾਹੀਦਾ ਹੈ ਨਾ। ਤਾਂ ਹੁਣ ਬ੍ਰਹਮਾ ਦੇ ਹੱਥ ਵਿਚ ਹੈ - ਸ਼੍ਰਿਮੋਨੀ ਗੀਤਾ। ਬਾਬਾ ਬੈਠ ਬ੍ਰਹਮਾ ਦਵਾਰਾ ਸਭ ਵੇਦਾਂ - ਗ੍ਰੰਥਾਂ ਦਾ ਸਾਰ ਦੱਸਦੇ ਹਨ। ਉਸਨੂੰ ਗੀਤਾ ਕਿਹਾ ਜਾਂਦਾ ਹੈ। ਬਾਕੀ ਕੋਈ ਸ਼ਾਸਤਰ ਨਹੀਂ ਹਨ। ਬੁੱਧੀ ਵਿੱਚ ਗੀਤਾ ਹੈ। ਗੀਤਾ ਵਿੱਚ ਭਗਵਾਨੁਵਾਚ ਹੈ ਕਿ ਕਾਮ ਮਹਾਸ਼ਤਰੂ ਹੈ ਤਾਂ ਗੀਤਾ ਸੁਣਾਉਣ ਵਾਲਿਆਂ ਨੂੰ ਵੀ ਕਹਿਣਾ ਚਾਹੀਦਾ ਹੈ ਕਿ ਇਸ ਤੇ ਜਿੱਤ ਪਾਓ ਤਾਂ ਸਵਰਗ ਦੇ ਮਾਲਿਕ ਬਣੋਗੇ। ਉਹ ਤਾਂ ਇੰਝ ਕਦੇ ਨਹੀਂ ਕਹਿਣਗੇ। ਸਭ ਝੂਠ ਬੋਲਦੇ ਰਹਿੰਦੇ ਹਨ। ਅਸੀਂ ਵੀ ਝੂਠ ਬੋਲਦੇ ਸੀ। ਅਸੀਂ ਵੀ ਬਹੁਤ ਗੁਰੂ ਕਿਤੇ। ਅਰਜੁਨ ਨੂੰ ਵੀ ਕਿਹਾ ਹੈ ਨਾ ਇਨ੍ਹਾਂ ਸਭਨਾਂ ਨੂੰ ਭੁੱਲੋ। ਤੁਹਾਡੇ ਇਨ੍ਹਾਂ ਗੁਰੂਆਂ ਨੂੰ ਵੀ ਪਾਵਨ ਕਰਨ ਵਾਲਾ ਮੈਂ ਹਾਂ। ਹੁਣ ਤੁਸੀ ਜੋ ਪੜੇ ਹੋ ਉਹ ਭੁੱਲ ਜਾਵੋ। ਨਾ ਸੁਣਿਆ ਹੋਇਆ ਹੁਣ ਮੈਂ ਸੁਣਾਉਂਦਾ ਹਾਂ। ਹੁਣ ਤੁਸੀਂ ਕੌਡੀ ਤੋਂ ਹੀਰੇ ਵਰਗੇ ਬਣਦੇ ਹੋ। ਹੁਣ ਇਹ ਸਭ ਖਲਾਸ ਹੋਣਾ ਹੈ। ਤੁਸੀਂ ਬਚਿਆਂ ਨੇ ਵਿਨਾਸ਼ - ਸਥਾਪਨਾ ਵੇਖੀ ਹੈ, ਇਸਲਈ ਪੁਰਸ਼ਾਰਥ ਕਰ ਰਹੇ ਹੋ, ਬਾਬਾ ਦੇ ਕੋਲ ਸਭਦਾ ਪੋਤਾਮੇਲ ਰਹਿੰਦਾ ਹੈ। ਲਿਖਕੇ ਦਿੰਦੇ ਹਨ - ਮੈਂ ਅਜਿਹਾ ਨੀਚ ਪਾਪੀ ਸੀ, ਇਹ ਕੀਤਾ ਕਿਉਂਕਿ ਧਰਮਰਾਜ ਬਾਬਾ ਕਹਿੰਦੇ ਹਨ - ਮੈਨੂੰ ਸੁਣਾਉਣ ਨਾਲ ਅਧਾ ਮਾਫ਼ ਕਰ ਦੇਵਾਂਗੇ। ਇਹ ਸਭ ਪ੍ਰਾਈਵੇਟ ਰਹਿੰਦਾ ਹੈ। ਪੜਿਆ ਅਤੇ ਫਿਰ ਫਾੜ ਦਿੱਤਾ। ਇਹ ਆਲਮਾਈਟੀ ਗੌਰਮਿੰਟ ਹੈ। ਹਾਲੇ ਅਜੇ ਛੋਟਾ ਝਾੜ ਹੈ, ਇਸ ਦਾ ਮਾਲੀ ਖੁਦ ਭਗਵਾਨ ਹੈ। ਹੌਲੀ - ਹੌਲੀ ਵਾਧਾ ਹੋਵੇਗਾ। ਮਾਇਆ ਝੱਟ ਮੁਰਝਾ ਦਿੰਦੀ ਹੈ। ਕਿੱਥੋਂ ਦੀ ਗੱਲ ਕਿੱਥੇ ਕਹਾਣੀ ਦੇ ਰੂਪ ਵਿਚ ਬਣਾ ਦਿੱਤੀ ਹੈ। ਕਿੱਥੇ ਸਾਡੇ ਲਕਸ਼ਮੀ - ਨਾਰਾਇਣ ਮਰਿਯਾਦਾ ਪੁਰਸ਼ੋਤਮ ਅਤੇ ਪੁਰਸ਼ੋਤਮਨੀ ਮਹਾਨ ਪਵਿੱਤ੍ਰ ਸਨ। ਇੱਥੇ ਤਾਂ ਸਭ ਅਪਵਿੱਤ੍ਰ ਹਨ। ਉਹ ਸੀ ਪਵਿੱਤ੍ਰ ਗ੍ਰਹਿਸਥ ਆਸ਼ਰਮ ਧਰਮ। ਇੱਥੇ ਅਪਵਿੱਤ੍ਰ ਗ੍ਰਹਿਸਥ ਆਸ਼ਰਮ ਹੈ। ਪੁੱਛਦੇ ਹਨ ਫਿਰ ਦੁਨੀਆ ਕਿਵੇਂ ਚੱਲੇਗੀ? ਬਾਬਾ ਕਹਿੰਦੇ ਹਨ ਇਹ ਦੁਨੀਆ ਰਹਿਣੀ ਹੀ ਨਹੀਂ ਹੈ। ਖਲਾਸ ਹੋਣੀ ਹੈ। ਇਹ ਅੰਤਿਮ ਜਨਮ ਹੈ ਇਸਲਈ ਕਾਮ ਕਟਾਰੀ ਚਲਾਉਣਾ ਛਡ ਦਵੋ। ਤੁਹਾਨੂੰ ਜਨਮ - ਜਨਮਾਂਤਰ

ਵਿਕਾਰੀ ਮਾਂ - ਬਾਪ ਤੋਂ ਵਿਸ਼ ਦਾ ਵਰਸਾ ਮਿਲਦਾ ਆਇਆ। ਹੁਣ ਮੈਂ ਆਰਡੀਨੈਂਸ ਕੱਢਦਾ ਹਾਂ - ਵਿਸ਼ ਦਾ ਵਰਸਾ ਬੰਦ ਕਰੋ। ਨਹੀਂ ਤਾਂ ਬੈਕੁੰਠ ਜਾ ਨਹੀਂ ਸਕੋਗੇ। ਵਿਕਾਰਾਂ ਤੇ ਜਿੱਤ ਪਾਵੋਗੇ ਤਾਂ ਸਵਰਗ ਵਿਚ ਜਾਵੋਗੇ, ਨਹੀਂ ਤਾਂ ਪਾਤਾਲ। ਰਾਮ ਰਾਜ ਆਕਾਸ਼ ਅਤੇ ਰਾਵਣ ਰਾਜ ਪਾਤਾਲ। ਇਹ ਡਰਾਮਾ ਹੈ। ਇਸ ਵਿੱਚ ਦੇਵਤਾ ਧਰਮ ਵਾਲੇ ਹੋਰ ਧਰਮਾਂ ਵਿੱਚ ਕੰਨਵਰਟ ਹੋ ਗਏ ਹਨ। ਆਪਣੇ ਅਸਲੀ ਧਰਮ ਨੂੰ ਨਹੀਂ ਜਾਣਦੇ ਹਨ। ਕਿਸੇ ਧਰਮ ਵਿੱਚ ਥੋੜ੍ਹਾ ਸੁਖ ਵੇਖਿਆ ਤਾਂ ਝੱਟ ਕਨਵਰਟ ਹੋ ਜਾਂਦੇ ਹਨ, ਇਸ ਨੂੰ ਕਹਿੰਦੇ ਹਨ ਹਾਫ਼ ਕਾਸਟ। ਇੱਥੇ ਵੀ ਜੋ ਬ੍ਰਾਹਮਣ ਕਾਸਟ ਵਿੱਚ ਆਏ ਲੇਕਿਨ ਪੁਰਸ਼ਾਰਥ ਵਿੱਚ ਕਮਜੋਰ ਹਨ ਤਾਂ ਪ੍ਰਜਾ ਪਦਵੀ ਮਿਲੇਗੀ। ਸਾਫ਼ ਗੱਲ ਦੱਸਦੇ ਹਨ। ਇਹ ਜੋ ਕਹਿੰਦੇ ਹਨ ਰਿਸ਼ੀ - ਮੁਨੀ ਆਦਿ ਤ੍ਰਿਕਾਲਦ੍ਰਸ਼ੀ ਸਨ, ਲੇਕਿਨ ਜਦੋਂ ਜਗਤ ਮਿੱਥਿਆ ਕਹਿੰਦੇ ਹਨ ਤਾਂ ਫਿਰ ਤ੍ਰਿਕਾਲਦ੍ਰਸ਼ੀ ਕਿਵੇਂ ਹੋਣਗੇ? ਬਹੁਤ ਗਪੌੜੇ ਲਗਾਉਂਦੇ ਹਨ। ਕਹਿੰਦੇ ਹਨ ਫਲਾਣਾ ਨਿਰਵਾਣਧਾਮ ਗਿਆ - ਇਹ ਵੀ ਗਪੋੜਾ। ਸਭ ਨੂੰ ਪਾਰਟ ਵਜਾਕੇ ਇੱਥੇ ਹਾਜ਼ਿਰ ਹੋਣਾ ਹੈ। ਸਭ ਦਾ ਗਾਈਡ ਬਾਬਾ ਹੈ। ਬਾਬਾ ਕਿਸੇ ਤੋਂ ਭਗਤੀ ਛੁਡਾਉਂਦੇ ਨਹੀਂ। ਜਦੋਂ ਤੱਕ ਪ੍ਰੀਪਕਵ ਅਵਸਥਾ ਨਹੀਂ ਹੈ ਤਾਂ ਭਾਵੇਂ ਭਗਤੀ ਕਰਦੇ ਰਹਿਣ। ਯਾਦ ਰੱਖਣਾ - ਮੈਂ ਕਿਸੇ ਦਾ ਗੁਰੂ ਨਹੀਂ। ਜਿਵੇਂ ਤੁਸੀਂ ਸੁਣਦੇ ਹੋ ਉਵੇਂ ਮੈਂ ਵੀ ਸੁਣ ਰਿਹਾ ਹੈ ਸ਼ਿਵਬਾਬਾ ਤੋਂ। ਸਾਡਾ ਸਭ ਦਾ ਗੁਰੂ ਉਹ ਇੱਕ ਨਿਰਾਕਾਰ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਅੰਤਿਮ ਜਨਮ ਵਿਚ ਪਵਿਤ੍ਰਤਾ ਦੀ ਪ੍ਰਤਿਗਿਆ ਕਰ ਪਾਣ ਦਾ ਬੀੜਾ ਉਠਾਉਣਾ ਹੈ। ਆਤਮਾ ਨੂੰ ਕਾਲੇ ਤੋਂ ਗੋਰਾ ਸਤੋਪ੍ਰਧਾਨ ਬਨਾਉਣ ਦਾ ਪੁਰਸ਼ਾਰਥ ਕਰਨਾ ਹੈ।

2. ਅਵਿਨਾਸ਼ੀ ਪ੍ਰਾਲਬਧ ਬਨਾਉਣ ਦੇ ਲਈ ਨਿਸ਼ਚੇ ਬੁੱਧੀ ਬਣ ਪੜਾਈ ਰੈਗੂਲਰ ਪੜਨੀ ਹੈ। ਬਾਕੀ ਜੋ ਹੁਣ ਤੱਕ ਪੜ੍ਹਿਆ ਹੈ ਉਹ ਬੁੱਧੀ ਤੋਂ ਭੁੱਲ ਜਾਣਾ ਹੈ।

ਵਰਦਾਨ:- ਵਿਜੇ ਦੇ ਉਮੰਗ - ਉਤਸਾਹ ਦਵਾਰਾ ਨਾਉਮੀਦਾਂ ਨੂੰ ਉਮੀਦਾਂ ਵਿੱਚ ਪ੍ਰੀਵਰਤਨ ਕਰਨ ਵਾਲੇ ਨਿਸ਼ਚੇਬੁੱਧੀ ਭਵ।
ਜੇਕਰ ਨਿਸ਼ਚੇ ਅਟੁੱਟ ਹੈ ਤਾਂ ਵਿਜੇ ਸਦਾ ਹੈ ਹੀ, ਵਿਜੇ ਦਾ ਉਮੰਗ - ਉਤਸਾਹ ਸਦਾ ਰਹੇ, ਨਾਉਮੀਦਾਂ ਦੇ ਸੰਸਕਾਰ ਨਾ ਹੋਣ। ਕੋਈ ਵੀ ਮੁਸ਼ਕਿਲ ਕੰਮ ਇਤਨਾ ਸਹਿਜ ਅਨੁਭਵ ਹੋਵੇ ਜਿਵੇਂ ਕੋਈ ਵੱਡੀ ਗੱਲ ਹੀ ਨਹੀਂ ਹੈ ਕਿਉਂਕਿ ਅਨੇਕ ਵਾਰੀ ਕੰਮ ਕਰ ਚੁੱਕੇ ਹੋ, ਕੋਈ ਨਵੀਂ ਗੱਲ ਨਹੀਂ ਕਰ ਰਹੇ ਹਨ, ਇਸਲਈ ਨਾਉਮੀਦੀ ਦਾ ਨਾਮ ਨਿਸ਼ਾਨ ਵੀ ਨਾ ਰਹੇ, ਕੋਈ ਵੀ ਸੁਭਾਅ - ਸੰਸਕਾਰ ਵਿੱਚ ਇਹ ਸੰਕਲਪ ਨਾ ਆਵੇ ਕਿ ਪਤਾ ਨਹੀਂ ਇਹ ਪ੍ਰੀਵਰਤਨ ਹੋਵੇਗਾ ਜਾਂ ਨਹੀਂ, ਹਾਂ ਹੀ ਸਦਾ ਦੇ ਵਿਜੇਈ।

ਸਲੋਗਨ:- ਸ਼ਕਤੀਸ਼ਾਲੀ ਬਣਨਾ ਹੈ ਤਾਂ ਸਦਾ ਖਜਨਾਇਆਂ ਦੀ ਸਮ੍ਰਿਤੀ ਅਤੇ ਸਿਮਰਨ ਵਿੱਚ ਰਹੋ।

******